23 ਮਾਰਚ, 2020

ਹਾਇ, ਮੇਰਾ ਨਾਂ ਜੌਰਡਨ ਟਿੰਨੀ ਹੈ ਅਤੇ ਮੈਂ ਸਰੀ ਸਕੂਲ ਡਿਸਟ੍ਰਿਕਟ ਦੇ ਸਕੂਲਾਂ ਦਾ ਸੁਪਰਡੈਂਟ ਹਾਂ। ਮੈਂ ਕੈਜ਼ੂਅਲ ਪਹਿਰਾਵੇ ਲਈ ਮਾਫੀ ਚਾਹੁੰਦਾ ਹਾਂ, ਪਰ ਮੈਂ ਗ੍ਰੇਡ 12 ਦੇ ਵਿਦਿਆਰਥੀਆਂ ਨੂੰ ਇਕ ਖਾਸ ਸੁਨੇਹਾ ਦੇਣਾ ਚਾਹੁੰਦਾ ਸੀ।

ਇਨ੍ਹਾਂ ਅਨੋਖੇ ਸਮਿਆਂ ਵਿੱਚ ਮੈਂ ਤੁਹਾਡੇ ਨਾਲ ਖਾਸ ਤੌਰ 'ਤੇ ਗੱਲ ਕਰਨਾ ਚਾਹੁੰਦਾ ਹਾਂ। ਤੁਸੀਂ ਗ੍ਰੈਜੂਏਟ ਹੋਣ ਦੇ ਸਿਰੇ 'ਤੇ ਪਹੁੰਚੇ ਹੋਏ ਵਿਦਿਆਰਥੀ ਹੋ। ਤੁਸੀਂ ਗ੍ਰੈਡ ਅਤੇ ਇਸ ਦੇ ਮੁਕੰਮਲ ਹੋਣ ਦੀਆਂ ਰਸਮਾਂ (ਕੁਮਿਨਸਮੈਂਟ ਸੈਰੀਮਨੀਜ਼) ਅਤੇ ਜਸ਼ਨਾਂ ਸਮੇਤ ਇਸ ਨਾਲ ਸੰਬੰਧਤ ਬਾਕੀ ਸਾਰੀਆਂ ਚੀਜ਼ਾਂ ਲਈ ਤਿਆਰੀ ਕਰ ਰਹੇ ਹੋ। ਤੁਸੀਂ ਬਾਲਗਾਂ ਦੀ ਦੁਨੀਆ ਵਿੱਚ ਸ਼ਾਮਲ ਹੋਣ ਲਈ ਤਿਆਰ ਹੋ, ਅਤੇ ਇਸ ਸਭ ਕੁਝ ਵਿਚਕਾਰ ਤੁਹਾਡੀ ਕਲਾਸਾਂ ਵਿੱਚ ਹੋਣ ਵਾਲੀ ਪੜ੍ਹਾਈ ਮੁਲਤਵੀ ਕਰ ਦਿੱਤੀ ਗਈ ਹੈ ਤਾਂਕਿ ਕੋਵਿਡ-19 ਨੂੰ ਫੈਲਣ ਤੋਂ ਰੋਕਣ ਵਿੱਚ ਸਾਨੂੰ ਮਦਦ ਮਿਲ ਸਕੇ।

ਮੈਂ ਜਾਣਦਾ ਹਾਂ ਕਿ ਤੁਹਾਡੇ ਵਿੱਚੋਂ ਬਹੁਤ ਸਾਰਿਆਂ ਨੂੰ ਫਿਕਰ ਹੋਵੇਗਾ ਕਿ ਕਲਾਸਾਂ ਵਿੱਚਲੀ ਪੜ੍ਹਾਈ ਮੁਲਤਵੀ ਕਰਨ ਦਾ ਅਸਲ ਮਤਲਬ ਕੀ ਹੈ ਅਤੇ ਤੁਹਾਡੇ ਮਨ ਵਿੱਚ ਬਹੁਤ ਸਾਰੇ ਸਵਾਲ ਹੋਣਗੇ। ਇਸ ਵਰਗੀਆਂ ਮਹੱਤਵਪੂਰਨ ਗੱਲਾਂ, ਕਿ ਕੀ ਮੈਂ ਗ੍ਰੈਜੂਏਟ ਹੋ ਸਕਾਂਗਾ/ਸਕਾਂਗੀ? ਕੀ ਤੁਹਾਡੇ ਕੋਲ ਉਹ ਸਾਰੀਆਂ ਚੀਜ਼ਾਂ ਹੋਣਗੀਆਂ, ਜਿਹਨਾਂ ਦੀ ਤੁਹਾਨੂੰ ਪੋਸਟ ਸੈਕੰਡਰੀ ਪੜ੍ਹਾਈ ਵਿੱਚ ਦਾਖਲ ਹੋਣ ਲਈ ਲੋੜ ਹੈ? ਜਾਂ ਇਸ ਤੋਂ ਅੱਗੇ ਦੀ ਜ਼ਿੰਦਗੀ ਬਾਰੇ, ਜੇ ਇਸ ਵਿੱਚ ਕੰਮ ਕਰਨਾ ਸ਼ਾਮਲ ਹੋਵੇ। ਇਸ ਨਾਲ ਸਕਾਲਰਸ਼ਿੱਪਾਂ, ਬਰਸਰੀਆਂ (ਵਜ਼ੀਫਿਆਂ) ਅਤੇ ਦੂਜੀਆਂ ਅਰਜ਼ੀਆਂ 'ਤੇ ਕੀ ਅਸਰ ਪਵੇਗਾ? ਬਸੰਤ (ਸਪਰਿੰਗ) ਦੇ ਸਮੇਂ ਦੌਰਾਨ ਤੁਸੀਂ ਉਹ ਸਾਰੀ ਸਹਾਇਤਾ ਕਿਵੇਂ ਲੈ ਸਕੋਗੇ, ਜਿਸ ਦੀ ਤੁਹਾਨੂੰ ਲੋੜ ਹੈ, ਖਾਸ ਕਰਕੇ ਕਾਊਂਸਲਰਾਂ ਵਰਗੇ ਲੋਕਾਂ ਤੋਂ? ਗ੍ਰੈਜੂਏਟ ਹੋਣ ਅਤੇ ਸਕੂਲ ਮੁਕੰਮਲ ਹੋਣ ਦੀਆਂ ਰਸਮਾਂ ਦਾ ਕੀ ਬਣੇਗਾ, ਕੀ ਉਹ ਹੋਣਗੀਆਂ? ਉਹ ਕਦੋਂ ਹੋਣਗੀਆਂ? ਅਤੇ ਜੇ ਹੋਈਆਂ, ਤਾਂ ਉਹ ਕਿਸ ਤਰ੍ਹਾਂ ਦੀਆਂ ਹੋਣਗੀਆਂ?

ਮੈਂ ਤੁਹਾਨੂੰ ਯਕੀਨ ਦਿਵਾਉਣਾ ਚਾਹੁੰਦਾ ਹਾਂ ਕਿ ਇਹ ਸਵਾਲ ਸਾਡੇ ਲਈ ਬਹੁਤ ਮਹੱਤਵਪੂਰਨ ਹਨ। ਇਸ ਸਾਲ ਸਾਡੇ 20 ਸਕੂਲਾਂ ਵਿੱਚ ਗ੍ਰੇਡ 12 ਵਿੱਚ 6000 ਤੋਂ ਜ਼ਿਆਦਾ ਵਿਦਿਆਰਥੀ ਹਨ। ਅਸੀਂ ਚਾਹੁੰਦੇ ਹਾਂ ਕਿ ਤੁਸੀਂ ਸਾਰੇ ਆਪਣੀਆਂ ਪਲੈਨਾਂ ਜਾਰੀ ਰੱਖ ਸਕੋ ਅਤੇ ਅਸੀਂ ਆਪਣੇ ਡਿਸਟ੍ਰਿਕਟ ਲਈ ਇਕ ਅਜਿਹੀ ਪਲੈਨ ਤਿਆਰ ਕਰਨ ਲਈ ਸਖਤ ਕੰਮ ਕਰ ਰਹੇ ਹਾਂ ਜੋ ਸਾਡੇ ਵਿਦਿਆਰਥੀਆਂ ਨੂੰ ਪਹਿਲ ਦਿੰਦੀ ਹੋਵੇ।

ਸਿੱਖਿਆ ਮੰਤਰੀ (ਐਜੂਕੇਸ਼ਨ ਮਨਿਸਟਰ) ਨੇ ਸਾਨੂੰ ਪਹਿਲਾਂ ਹੀ ਯਕੀਨ ਦਿਵਾਇਆ ਹੈ ਕਿ ਜਿਹੜੇ ਵਿਦਿਆਰਥੀ ਇਸ ਸਾਲ ਗ੍ਰੇਡ 12 ਵਿੱਚੋਂ ਗ੍ਰੈਜੂਏਟ ਹੋਣ ਦੇ ਯੋਗ ਹਨ, ਉਹ ਗ੍ਰੈਜੂਏਟ ਹੋਣਗੇ।

ਇਸ ਤੋਂ ਅਗਾਂਹ, ਮੈਂ ਤੁਹਾਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਕੇ-12 ਐਜੂਕੇਸ਼ਨ ਅਤੇ ਯੂਨੀਵਰਸਿਟੀਆਂ ਅਤੇ ਕਾਲਜਾਂ ਅਤੇ ਪੋਸਟ ਸੈਕੰਡਰੀ ਸੰਸਥਾਂਵਾਂ ਲਈ ਜ਼ਿੰਮੇਵਾਰ ਸਰਕਾਰੀ ਅਧਿਕਾਰੀ ਇਹ ਯਕੀਨੀ ਬਣਾਉਣ ਲਈ ਮਿਲ ਕੇ ਕੰਮ ਕਰ ਰਹੇ ਹਨ ਕਿ ਇਸ ਅਸਾਧਾਰਣ ਸਾਲ ਵਿੱਚ ਤੁਹਾਡੀ ਗ੍ਰੈਜੂਏਸ਼ਨ ਅਤੇ ਜਿੱਥੇ ਵੀ ਤੁਹਾਨੂੰ ਜਾਣ ਦੀ ਲੋੜ ਹੈ ਉਹ ਸਭ ਕੁਝ ਨਿਰਵਿਘਨ ਹੋਵੇ।

ਆਉਣ ਵਾਲੇ ਸਮੇਂ ਵਿੱਚ ਅਸੀਂ ਤੁਹਾਡੇ ਨਾਲ ਜਾਣਕਾਰੀ ਦੇ ਹੋਰ ਵੇਰਵੇ ਸਾਂਝੇ ਕਰਾਂਗੇ। ਸਾਡੇ ਕੋਲ ਦੁਨੀਆ ਪੱਧਰ ਦਾ ਵਧੀਆ ਵਿਦਿਅਕ ਪ੍ਰਬੰਧ ਹੈ ਜੋ ਸਾਡੇ ਪ੍ਰਿੰਸੀਪਲਾਂ, ਵਾਈਸ ਪ੍ਰਿੰਸੀਪਲਾਂ ਅਤੇ ਸਹਾਇਕ ਸਟਾਫ ਨਾਲ ਮਿਲ ਕੇ ਟੀਮਾਂ ਵਿੱਚ ਕੰਮ ਕਰ ਰਹੇ ਅਸਚਰਜ ਅਤੇ ਪ੍ਰਤੀਬੱਧ ਅਧਿਆਪਕਾਂ ਦੀ ਨੀਂਹ 'ਤੇ ਉਸਰਿਆ ਹੋਇਆ ਹੈ।

ਸਾਡੇ ਕੋਲ ਤੁਹਾਡੇ ਲਈ ਜ਼ਰੂਰ ਇਕ ਪਲੈਨ ਹੋਵੇਗੀ। ਮੈਂ ਚਾਹੁੰਦਾ ਹਾਂ ਕਿ ਤੁਹਾਨੂੰ ਇਹ ਪਤਾ ਹੋਵੇ ਕਿ ਅਸੀਂ ਆਪਣੇ ਵਿਦਿਆਰਥੀਆਂ ਅਤੇ ਉਨ੍ਹਾਂ ਦੀ ਕਾਮਯਾਬੀ ਦਾ ਧਿਆਨ ਰੱਖਦੇ ਹਾਂ ਅਤੇ ਅਸੀਂ ਚਾਹੁੰਦੇ ਹਾਂ ਕਿ ਤੁਸੀਂ ਕਾਮਯਾਬ ਹੋਵੋ। ਉਸ ਕਾਮਯਾਬੀ ਨੂੰ ਯਕੀਨੀ ਬਣਾਉਣ ਲਈ ਅਸੀਂ ਉਹ ਸਭ ਕੁਝ ਕਰਾਂਗੇ ਜੋ ਅਸੀਂ ਕਰ ਸਕਦੇ ਹਾਂ।

ਇਹਨਾਂ ਸਾਰੀਆਂ ਗੱਲਾਂ ਦੇ ਨਾਲ ਨਾਲ ਮੈਂ ਇਹ ਕਹਿਣਾ ਚਾਹਾਂਗਾ ਕਿ ਇਹ ਤੁਹਾਡੀ ਸਪਰਿੰਗ ਬ੍ਰੇਕ ਹੈ, ਅਤੇ ਮੈਂ ਆਸ ਕਰਦਾ ਹਾਂ ਕਿ ਆਉਣ ਵਾਲੇ ਹਫਤਿਆਂ ਲਈ ਤਿਆਰ ਹੋਣ ਦੇ ਨਾਲ ਨਾਲ ਤੁਹਾਨੂੰ ਅਰਾਮ ਕਰਨ ਅਤੇ ਸੁਸਤਾਉਣ ਲਈ ਸਮਾਂ ਮਿਲੇਗਾ। ਮੈਂ ਇਹ ਵੀ ਉਮੀਦ ਕਰਦਾ ਹਾਂ ਕਿ ਤੁਸੀਂ ਸੂਬਾਈ ਸਿਹਤ ਅਫਸਰ (ਪ੍ਰੋਵਿੰਸ਼ਿਅਲ ਹੈਲਥ ਅਫਸਰ) ਦੀ ਸਲਾਹ ਦੀ ਪਾਲਣਾ ਕਰ ਰਹੇ ਹੋ ਅਤੇ ਆਪਣੇ ਆਪ ਅਤੇ ਅਪਾਣੇ ਪਰਿਵਾਰ ਨੂੰ ਸਿਹਤਮੰਦ ਰੱਖ ਰਹੇ ਹੋ।

ਸੁਰੱਖਿਅਤ ਰਹੋ, ਰਾਜ਼ੀ-ਬਾਜ਼ੀ ਰਹੋ ਅਤੇ ਸੁਚੇਤ ਰਹੋ। ਹੋਰ ਜਾਣਕਾਰੀ ਦਿੱਤੀ ਜਾਵੇਗੀ ਜਿਹੜੀ ਤੁਹਾਡੀ ਤਿਆਰ ਰਹਿਣ ਅਤੇ ਗ੍ਰੈਜੂਏਟ ਹੋਣ ਵਿੱਚ ਮਦਦ ਕਰੇਗੀ। ਆਪਣਾ ਧਿਆਨ ਰੱਖੋ।